بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

**Mob: +919682536974, E-Mail: ansarullah@qadian.in** ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਿਆਂ ਵਿੱਚ ਬਿਹਤਰੀਨ ਰਣਨੀਤੀ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਇਰਾਨ ਇਸਰਾਈਲ ਜੰਗ ਦੇ ਪੇਸ਼ਿ ਨਜ਼ਰ ਦੁਆਵਾਂ ਦੀ ਤਹਿਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 20 ਜੂਨ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਗ਼ਜ਼ਵਾ ਫ਼ਤਹਿ ਮੱਕਾ ਦਾ ਜ਼ਿਕਰ ਹੋ ਰਿਹਾ ਸੀ। ਇਸ ਦੇ ਲਈ ਰਵਾਨਾ ਹੋਣ ਤੋਂ ਪਹਿਲਾਂ ਜ਼ਿਕਰ ਮਿਲਦਾ ਹੈ ਕਿ ਇੱਕ ਸਹਾਬੀ ਨੇ ਆਪਣੀ ਨਾ ਸਮਝੀ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਸ ਸਫ਼ਰ ਦੀ ਸੂਚਨਾ ਮੱਕਾ ਵਾਲਿਆਂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਸੀ। ਪਰ ਅੱਲਾਹ ਤਆਲਾ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਦੀ ਇਤਲਾਅ ਦੇ ਦਿੱਤੀ ਅਤੇ ਇੰਝ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਇਸ ਮਨਸੂਬੇ ਦੀ ਇਤਲਾਅ ਕਾਫ਼ਰਾਂ ਨੂੰ ਨਾ ਪਹੁੰਚ ਸਕੀ। ਮਦੀਨੇ ਵਿੱਚ ਜਦ ਮੱਕੇ ਜਾਣ ਦੀ ਤਿਆਰੀਆਂ ਸ਼ੁਰੂ ਹੋਈਆਂ ਤਾਂ ਇੱਕ ਪੇਂਡੂ ਸਹਾਬੀ ਹਜ਼ਰਤ ਹਾਤਿਬ ਬਿਨ ਅਬੀ ਬਲਤਆ ਰਜ਼ਿ ਅੱਲਾਹੁ ਅਨਹੁ ਨੇ ਕੁਰੈਸ਼ ਵੱਲ ਇੱਕ ਖ਼ਤ ਲਿਖ ਕੇ ਇਤਲਾਅ ਦੇਣ ਦੀ ਕੋਸ਼ਿਸ਼ ਕੀਤੀ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਤੁਹਾਡੇ ਵੱਲ ਰਵਾਨਗੀ ਦਾ ਪ੍ਰੋਗਰਾਮ ਬਣਾ ਚੁੱਕੇ ਹਨ। ਆਪ ਰਜ਼ਿ ਅੱਲਾਹੁ ਅਨਹੁ ਨੇ ਇਹ ਖ਼ਤ ਇੱਕ ਔਰਤ ਨੂੰ ਦਿੱਤਾ ਕਿ ਉਹ ਇਸ ਖ਼ਤ ਨੂੰ ਖ਼ੁਫ਼ੀਆ ਰੱਖਦੇ ਹੋਏ ਮੱਕੇ ਵਾਲਿਆਂ ਤੱਕ ਪਹੁੰਚਾ ਦੇਵੇ। ਉਸ ਔਰਤ ਨੇ ਖ਼ਤ ਨੂੰ ਆਪਣੇ ਸਿਰ ਦੀ ਗੁੱਤ ਵਿੱਚ ਰੱਖ ਲਿਆ ਅਤੇ ਆਮ ਰਸਤੇ ਤੋਂ ਹੱਟ ਕੇ ਮੱਕਾ ਵੱਲ ਰਵਾਨਾ ਹੋ ਗਈ। ਅੱਲਾਹ ਤਆਲਾ ਨੇ ਉਸ ਖ਼ਤ ਦੇ ਬਾਰੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਤਲਾਅ ਦੇ ਦਿੱਤੀ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ ਬੁਲਾਇਆ ਅਤੇ ਇੱਕ ਦੂਸਰੇ ਸਹਾਬੀ ਦੇ ਨਾਲ਼ ਉਹਨਾਂ ਨੂੰ ਰਵਾਨਾ ਕੀਤਾ ਤਾਂ ਜੋ ਉਹ ਖ਼ਤ ਲਿਆ ਸਕਣ। ਇਹਨਾਂ ਸਹਾਬਾ ਨੇ ਉਸ ਔਰਤ ਨੂੰ ਫੜ ਲਿਆ ਅਤੇ ਖ਼ਤ ਮੰਗਿਆ, ਸ਼ੁਰੂ ਵਿੱਚ ਉਸ ਔਰਤ ਨੇ ਇਨਕਾਰ ਕੀਤਾ ਫਿਰ ਵੀ ਸਖ਼ਤੀ ਨਾਲ਼ ਪੁੱਛਣ ਤੇ ਖ਼ਤ ਕੱਢ ਕੇ ਪੇਸ਼ ਕਰ ਦਿੱਤਾ। ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਵਗ਼ੈਰਾ ਉਸ ਔਰਤ ਨੂੰ ਲੈ ਕੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਏ। ਹਜ਼ਰਤ ਹਾਤਿਬ ਬਿਨ ਅਬੀ ਬਲਤਆ ਰਜ਼ਿ ਅੱਲਾਹੁ ਅਨਹੁ ਨੇ ਕਿਹਾ ਕਿ ਮੈਂ ਗ਼ੱਦਾਰ ਨਹੀਂ ਹਾਂ, ਬਸ ਮੈਂ ਚਾਹਿਆ ਕਿ ਮੱਕੇ ਦੇ ਵਸਨੀਕਾਂ 'ਤੇ ਮੇਰਾ ਕੋਈ ਅਹਿਸਾਨ ਹੋਵੇ ਜਿਸ ਦੇ ਬਦਲੇ ਮੈਂ, ਮੇਰੀ ਜਾਇਦਾਦ ਅਤੇ ਬਾਲ ਬੱਚੇ ਮਹਿਫ਼ੂਜ਼ ਰਹਿਣ। ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਇਸ ਨੇ ਸੱਚ ਕਿਹਾ ਹੈ, ਬਸ ਤੁਸੀਂ ਵੀ ਇਸ ਦੇ ਬਾਰੇ ਭਲੀ ਗੱਲ ਦੇ ਸਿਵਾ ਕੁੱਝ ਨਾ ਕਹੋ। ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਕੋਲੋਂ ਪੁੱਛਿਆ ਕਿ ਕੀ ਇਹ ਗ਼ਜ਼ਵਾ ਬਦਰ ਵਿੱਚ ਸ਼ਾਮਿਲ ਨਹੀਂ ਸੀ। ਇਹ ਸੁਣ ਕੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਦੀਆਂ ਅੱਖਾਂ 'ਚੋਂ ਹੰਝੂ ਜਾਰੀ ਹੋ ਗਏ ਅਤੇ ਆਪ ਰਜ਼ਿ ਅੱਲਾਹੁ ਅਨਹੁ ਨੇ ਅਰਜ਼ ਕੀਤਾ ਕਿ ਅੱਲਾਹ ਅਤੇ ਉਸਦਾ ਰਸੂਲ ਬਿਹਤਰ ਜਾਣਦੇ ਹਨ।

ਉਸਦੇ ਬਾਅਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਫ਼ਰ ਸ਼ੁਰੂ ਕੀਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੁਹਾਜਿਰਾਂ, ਅਨਸਾਰਾਂ ਅਤੇ ਅਰਬ ਦੇ ਦੂਸਰੇ ਲੋਕਾਂ ਦੇ ਨਾਲ਼ ਰਵਾਨਾ ਹੋਏ ਜਦਕਿ ਰਮਜ਼ਾਨ ਦੇ ਦਸ ਰੋਜ਼ੇ ਲੰਘ ਚੁੱਕੇ ਸਨ। ਮੁਸਨਦ ਅਹਿਮਦ ਦੀ ਰਿਵਾਇਤ ਦੇ ਮੁਤਾਬਿਕ਼ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੋ ਰਮਜ਼ਾਨ ਨੂੰ ਮਦੀਨੇ ਤੋਂ ਰਵਾਨਾ ਹੋਏ, ਬੁਖ਼ਾਰੀ ਦੀ ਵਿਆਖਿਆ ਕਰਨ ਵਾਲੇ ਅੱਲਾਮਾ ਇਬਨਿ ਹਜਰ ਅਸਕ਼ਲਾਨੀ ਨੇ ਵੀ ਦੋ ਰਮਜ਼ਾਨ ਵਾਲੀ ਰਿਵਾਇਤ ਨੂੰ ਤਰਜੀਹ ਦਿੱਤੀ ਹੈ।

ਮਦੀਨੇ ਤੋਂ ਰਵਾਨਗੀ ਦੇ ਵੇਲੇ ਇਸ ਸਫ਼ਰ ਵਿੱਚ ਤਕ਼ਰੀਬਨ ਸੱਤ ਹਜ਼ਾਰ ਚਾਰ ਸੌ ਜਾਂ ਨਿਸਾਰ ਸ਼ਾਮਿਲ ਸਨ। ਰਸਤੇ ਵਿੱਚ ਇਸ ਤਾਅਦਾਦ ਵਿੱਚ ਵਾਧਾ ਹੁੰਦਾ ਗਿਆ। ਕੁੱਝ ਕਿਤਾਬਾਂ ਵਿੱਚ ਇਸ ਫ਼ੌਜ ਦੀ ਤਾਅਦਾਦ 12 ਹਜ਼ਾਰ ਵੀ ਬਿਆਨ ਹੋਈ ਹੈ ਪਰ ਜ਼ਿਆਦਾਤਰ ਕਿਤਾਬਾਂ ਵਿੱਚ ਇਹ ਤਾਅਦਾਦ ਦੱਸ ਹਜ਼ਾਰ ਬਿਆਨ ਹੋਈ ਹੈ ਅਤੇ ਇਹੀ ਜ਼ਿਆਦਾ ਦੁਰੁਸਤ ਪ੍ਰਤੀਤ ਹੁੰਦੀ ਹੈ।

ਇਸ ਸਫ਼ਰ ਵਿੱਚ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਅਜ਼ਵਾਜਿ ਮੁਤੱਹਰਾਤ ਵਿੱਚੋਂ ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ ਸਨ। ਕੁੱਝ ਰਿਵਾਇਤਾਂ ਦੇ ਮੁਤਾਬਿਕ਼ ਹਜ਼ਰਤ ਮੈਮੂਨਾ ਰਜ਼ਿ ਅੱਲਾਹੁ ਅਨਹਾ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਸਨ। ਕੁੱਝ ਰਿਵਾਇਤਾਂ ਵਿੱਚ ਜ਼ਿਕਰ ਮਿਲ਼ਦਾ ਹੈ ਕਿ ਸਾਹਿਬਜ਼ਾਦੀ ਹਜ਼ਰਤ ਫ਼ਾਤਮਾ ਰਜ਼ਿ ਅੱਲਾਹੁ ਅਨਹਾ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਸਨ। ਇਹ ਸਫ਼ਰ ਰਮਜ਼ਾਨ ਦੇ ਮਹੀਨੇ ਵਿੱਚ ਹੋਇਆ ਸੀ। ਸਫ਼ਰ ਦੇ ਸ਼ੁਰੂਆਤੀ ਕੁੱਝ ਦਿਨ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਰੋਜ਼ਾ ਰੱਖਿਆ ਅਤੇ ਫਿਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਰੋਜ਼ਾ ਨਹੀਂ ਰੱਖਿਆ ਬਲਕਿ ਬਾਕ਼ੀ ਸਹਾਬਾ ਨੂੰ ਵੀ ਰੋਜ਼ਾ ਰੱਖਣ ਤੋਂ ਮਨ੍ਹਾ ਫ਼ਰਮਾਇਆ।

ਇਸ ਸਫ਼ਰ ਦੇ ਦੌਰਾਨ ਜਾਨਵਰਾਂ ਨਾਲ਼ ਹਮਦਰਦੀ ਦਾ ਇੱਕ ਵਾਕ਼ਿਆ ਇੰਝ ਮਿਲ਼ਦਾ ਹੈ ਕਿ ਰਸਤੇ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਕੁੱਤੀ ਦੇਖੀ ਜਿਸ ਦੇ ਬੱਚੇ ਉਸਦਾ ਦੁੱਧ ਪੀ ਰਹੇ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇੱਕ ਸਹਾਬੀ ਨੂੰ ਹੁਕਮ ਦਿੱਤਾ ਕਿ ਉਸ ਕੁੱਤੀ ਦੇ ਸਾਹਮਣੇ ਖੜੇ ਹੋ ਜਾਣ ਤਾਂ ਜੋ ਫ਼ੌਜ ਵਿੱਚੋਂ ਕੋਈ ਉਸ ਕੁੱਤੀ ਅਤੇ ਉਸਦੇ ਬੱਚਿਆਂ ਨਾਲ਼ ਛੇੜਖ਼ਾਨੀ ਨਾ ਕਰੇ।

ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਾਸੂਸਾਂ ਨੂੰ ਫੜਨ ਦੇ ਲਈ ਇੱਕ ਘੋੜ ਸਵਾਰ ਦਸਤਾ ਅੱਗੇ ਰਵਾਨਾ ਕੀਤਾ ਹੋਇਆ ਸੀ। ਇਹ ਦਸਤਾ ਬਨੂ ਹਵਾਜ਼ਨ ਦਾ ਇੱਕ ਜਾਸੂਸ ਗਿਰਫ਼ਤਾਰ ਕਰਕੇ ਲੈ ਆਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਤੋਂ ਪੁੱਛਿਆ ਤਾਂ ਉਸਨੇ ਦੱਸਿਆ ਕਿ ਹਵਾਜ਼ਨ ਤੁਹਾਡੇ ਦੇ ਲਈ ਜਮ੍ਹਾ ਹੋ ਰਹੇ ਹਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਅੱਲਾਹ ਸਾਡੇ ਲਈ ਕਾਫ਼ੀ ਹੈ ਅਤੇ ਉਹ ਬਿਹਤਰੀਨ ਮਦਦਗਾਰ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਖ਼ਾਲਿਦ ਬਿਨ ਵਲੀਦਰਜ਼ਿ ਅੱਲਾਹੁ ਅਨਹੁ ਨੂੰ ਹੁਕਮ ਦਿੱਤਾ ਕਿ ਉਸ ਜਾਸੂਸ ਨੂੰ ਰੋਕ ਕੇ ਰੱਖਣ ਤਾਂ ਜੋ ਉਹ ਅੱਗੇ ਜਾ ਕੇ ਲੋਕਾਂ ਨੂੰ ਇਤਲਾਅ ਨਾ ਕਰ ਦੇਵੇ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੁਸਲਮਾਨਾਂ ਨੂੰ ਕ਼ਬੀਲਿਆਂ ਵਿੱਚ ਵੰਡ ਕੇ ਉਹਨਾਂ ਦੀ ਫ਼ੌਜ ਬੰਦੀ ਕੀਤੀ। ਹਰ ਕ਼ਬੀਲੇ ਦੀ ਫ਼ੌਜ 'ਤੇ ਉਹਨਾਂ ਵਿੱਚੋਂ ਹੀ ਇੱਕ ਅਫ਼ਸਰ ਨਿਯੁਕਤ ਕੀਤਾ ਗਿਆ। ਅੰਸਾਰਾਂ ਨੂੰ ਖ਼ਾਨਦਾਨੀ ਬੁਨਿਆਦ 'ਤੇ 12 ਦਸਤਿਆਂ ਵਿੱਚ ਵੰਡਿਆ। ਛੇ ਦਸਤੇ ਔਸ ਦੇ ਅਤੇ ਛੇ ਦਸਤੇ ਖ਼ਜ਼ਰਜ ਦੇ ਨਿਰਧਾਰਿਤ ਹੋਏ। ਮੁਹਾਜਿਰਾਂ ਦੇ ਤਿੰਨ ਝੰਡੇ ਹਜ਼ਰਤ ਅਲੀ ਬਿਨ ਅਬੀ ਤਾਲਿਬ ਰਜ਼ਿ ਅੱਲਾਹੁ ਅਨਹੁ, ਜ਼ੁਬੈਰ ਬਿਨ ਅਵਾਮ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਸਾਅਦ ਬਿਨ ਅਬੀ ਵਕ਼ਾਸ ਰਜ਼ਿ ਅੱਲਾਹੁ ਅਨਹੁ ਦੇ ਕੋਲ਼ ਸਨ।

ਇਸੇ ਸਫ਼ਰ ਦੇ ਦੌਰਾਨ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਚਚੇਰੇ ਅਤੇ ਰਜ਼ਾਈ ਭਾਈ ਹਜ਼ਰਤ ਅਬੂ ਸੁਫ਼ਯਾਨ ਬਿਨ ਹਾਰਿਸ, ਉਹਨਾਂ ਦੇ ਬੇਟੇ ਜਾਅਫ਼ਰ ਅਤੇ ਅੱਬਦੁਲਾਹ ਬਿਨ ਅਬੀ ਉਮੱਇਯਾ ਬਿਨ ਮੁਗ਼ੀਰਾ ਦੇ ਇਮਾਨ ਲਿਆਉਣ ਦਾ ਜ਼ਿਕਰ ਮਿਲ਼ਦਾ ਹੈ।

ਇਹ ਇਸਲਾਮ ਦੇ ਸ਼ਦੀਦ ਦੁਸ਼ਮਣ ਸਨ ਇਸ ਲਈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਾਹਮਣੇ ਆਉਣ ਤੋਂ ਡਰਦੇ ਸਨ। ਉੱਮੁਲ ਮੋਮਿਨੀਨ ਹਜ਼ਰਤ ਉੱਮਿ ਸਲਮਾ ਰਜ਼ਿ ਅੱਲਾਹੁ ਅਨਹਾ ਜਿਹੜੀ ਹਜ਼ਰਤ ਅਬਦੁੱਲਾਹ

ਬਿਨ ਉਮੱਇਯਾ ਦੀ ਭੈਣ ਸਨ, ਉਹਨਾਂ ਨੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਅਰਜ਼ ਕੀਤਾ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਚਚੇਰਾ ਭਰਾ ਅਬੂ ਸੁਫ਼ਯਾਨ ਅਤੇ ਭੂਆ ਦਾ ਬੇਟਾ ਅਬਦੁੱਲਾਹ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਮਿਲਣ ਦੇ ਖ਼ਾਹਿਸ਼ ਮੰਦ ਹਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ, ਮੈਨੂੰ ਇਹਨਾਂ ਦੀ ਲੋੜ ਨਹੀਂ, ਮੈਂ ਇਹਨਾਂ ਨਾਲ਼ ਮਿਲਣਾ ਨਹੀਂ ਚਾਹੁੰਦਾ। ਮੇਰੇ ਚਚੇਰੇ ਭਰਾ ਨੇ ਤਾਂ ਮੇਰੀ ਹਤਕ ਕੀਤੀ ਹੈ। ਇਹ ਸ਼ਾਇਰ ਸਨ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਹਜੂ ਕਰਿਆ ਕਰਦੇ ਸਨ ਅਤੇ ਅਬਦੁੱਲਾਹ ਨੇ ਤਾਂ ਮੱਕੇ ਵਿੱਚ ਕੀ ਕੀ ਜ਼ੁਲਮ ਨਹੀਂ ਕੀਤੇ। ਇਹ ਗੱਲ ਅਬੂ ਸੁਫ਼ਯਾਨ ਬਿਨ ਹਾਰਿਸ ਨੂੰ ਪਹੁੰਚੀ ਤਾਂ ਉਹਨਾਂ ਨੇ ਜਜ਼ਬਾਤ ਵਿੱਚ ਆ ਕੇ ਕਿਹਾ ਕਿ ਜੇਕਰ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਮੇਰੇ ਨਾਲ਼ ਰਾਜ਼ੀ ਨਹੀਂ ਹੁੰਦੇ ਅਤੇ ਮਿਲਣ ਦੀ ਇਜਾਜ਼ਤ ਨਹੀਂ ਦਿੰਦੇ ਤਾਂ ਮੈਂ ਆਪਣੇ ਬੇਟੇ ਨੂੰ ਲੈ ਕੇ ਰੇਗਿਸਤਾਨ ਵੱਲ ਨਿਕਲ਼ ਜਾਵਾਂਗਾ ਅਤੇ ਇੱਥੋਂ ਤੱਕ ਕਿ ਭੁੱਖ ਅਤੇ ਪਿਆਸ ਨਾਲ਼ ਮਰ ਜਾਵਾਂਗਾ। ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਹ ਗੱਲ ਪਤਾ ਲੱਗੀ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਦਿਲ ਫ਼ੌਰਨ ਨਰਮ ਹੋ ਗਿਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੋਹਾਂ ਨੂੰ ਬੁਲਾਇਆ ਅਤੇ ਉਹਨਾਂ ਨੂੰ ਸ਼ਰਫ਼ਿ ਮੁਲਾਕ਼ਾਤ ਬਖ਼ਸ਼ਿਆ।

ਹਜ਼ਰਤ ਅਬੂ ਸੁਫ਼ਯਾਨ ਬਿਨ ਹਾਰਸਿ ਦੀ ਵਫ਼ਾਤ 15 ਜਾਂ 20 ਹਿਜਰੀ ਵਿੱਚ ਹੋਈ ਸੀ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੇ ਆਪ ਦੀ ਨਮਾਜ਼ਿ ਜਨਾਜ਼ਾ ਪੜ੍ਹਾਈ ਸੀ। ਹਜ਼ਰਤ ਅਬਦੁੱਲਾਹ ਬਿਨ ਅਬੀ ਉਮੱਇਯਾ ਬਿਨ ਮੁਗ਼ੀਰਾ ਦਾ ਨਾਮ ਹੁਜ਼ੈਫ਼ਾ ਸੀ ਅਤੇ ਆਪ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਭੂਆ ਆਤਿਕਾ ਦੇ ਬੇਟੇ ਸਨ। ਆਪ ਨੇ ਇਸਲਾਮ ਕ਼ਬੂਲ ਕਰਨ ਦੇ ਬਾਅਦ ਬੜੀ ਜਾਂ ਫ਼ਸ਼ਾਨੀ ਨਾਲ਼ ਜੰਗਿ ਹੁਨੈਨ ਵਿੱਚ ਹਿੱਸਾ ਲਿਆ ਅਤੇ ਗ਼ਜ਼ਵਾ ਤਾਇਫ਼ ਵਿੱਚ ਇੱਕ ਤੀਰ ਲੱਗਣ ਨਾਲ਼ ਸ਼ਹਾਦਤ ਪਾਈ।

ਇਸ ਮੁਹਿੰਮ ਵਿੱਚ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਦੀ ਇਸਲਾਮੀ ਫ਼ੌਜ ਵਿੱਚ ਸ਼ਮੂਲੀਅਤ ਦੇ ਬਾਰੇ ਲਿਖਿਆ ਹੈ ਕਿ ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮਦੀਨੇ ਤੋਂ ਮੱਕੇ ਵੱਲ ਸਫ਼ਰ ਸ਼ੁਰੂ ਕੀਤਾ ਤਾਂ ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਨੇ ਮਦੀਨੇ ਦੇ ਵੱਲ ਹਿਜਰਤ ਦੇ ਲਈ ਸਫ਼ਰ ਬੰਨ੍ਹਿਆ। ਹਜ਼ਰਤ ਅੱਬਾਸ ਰਜ਼ਿ ਅੱਲਾਹੁ ਅਨਹੁ ਜੋਹਫ਼ਾ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਆ ਮਿਲੇ। ਆਪ ਰਜ਼ਿ ਅੱਲਾਹੁ ਅਨਹੁ ਨੇ ਆਪਣਾ ਸਮਾਨ ਮਦੀਨੇ ਭੇਜ ਦਿੱਤਾ ਅਤੇ ਆਪ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਮੱਕੇ ਵੱਲ ਚੱਲ ਪਏ। ਆਪ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਚਾਚੇ ਸਨ ਅਤੇ ਉਮਰ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਦੋ ਜਾਂ ਤਿੰਨ ਸਾਲ ਵੱਡੇ ਸਨ। ਆਪਣੇ ਬੇਟੇ ਫ਼ਜ਼ਲ ਬਿਨ ਅੱਬਾਸ ਦੀ ਵਜ੍ਹਾ ਨਾਲ਼ ਅਬੁਲ ਫ਼ਜ਼ਲ ਦੀ ਕੁਨੀਅਤ ਨਾਲ਼ ਮਸ਼ਹੂਰ ਸਨ। ਹਜ਼ਰਤ ਅਬੂ ਤਾਲਿਬ ਦੇ ਬਾਅਦ ਸਿਕ਼ਾਇਆ ਯਾਨੀ ਹਾਜੀਆਂ ਨੂੰ ਪਾਣੀ ਪਿਆਉਣਾ ਆਪ ਰਜ਼ਿ ਅੱਲਾਹੁ ਅਨਹੁ ਦੇ ਜ਼ਿੰਮੇ ਸੀ। ਆਪ ਰਜ਼ਿ ਅੱਲਾਹੁ ਅਨਹੁ ਜੰਗਿ ਹੁਨੈਨ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਸਾਬਿਤ ਕ਼ਦਮ ਰਹੇ, 32 ਜਾਂ 33 ਹਿਜਰੀ ਵਿੱਚ ਆਪ ਰਜ਼ਿ ਅੱਲਾਹੁ ਅਨਹੁ ਦੀ ਵਫ਼ਾਤ ਹੋਈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਬਿਹਤਰੀਨ ਫ਼ੌਜੀ ਰਣਨੀਤੀ ਅਤੇ ਦੁਆਵਾਂ ਦੇ ਕਾਰਨ ਇੰਨਾ ਵੱਡਾ ਚਮਤਕਾਰ ਹੁੰਦਾ ਹੈ ਕਿ ਮਦੀਨੇ ਤੋਂ ਚੱਲਣ ਵਾਲ਼ੀ ਦੱਸ ਹਜ਼ਾਰ ਦੀ ਫ਼ੌਜ ਤਕ਼ਰੀਬਨ 400 ਕਿਲੋਮੀਟਰ ਦਾ ਸਫ਼ਰ ਕਰਦੀ ਹੋਈ ਮੱਕੇ ਦੇ ਐਨ ਪੰਜ ਮੀਲ ਦੇ ਫ਼ਾਸਲੇ 'ਤੇ ਡੇਰੇ ਲਾ ਚੁੱਕੀ ਹੈ ਲੇਕਿਨ ਅਜੇ ਤੱਕ ਮੱਕੇ ਵਾਲ਼ਿਆਂ ਨੂੰ ਖ਼ਬਰ ਨਹੀਂ ਪਹੁੰਚੀ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸ਼ਾਅ ਦੇ ਵੇਲ਼ੇ ਮੱਕੇ ਤੋਂ ਪੰਜ ਮੀਲ ਦੇ ਫ਼ਾਸਲੇ 'ਤੇ ਮੁੱਰੁਜ਼ ਜ਼ਹਿਰਾਨ ਵਿੱਚ ਪੜਾਅ ਕੀਤਾ ਅਤੇ ਸਹਾਬਾ ਨੂੰ ਹੁਕਮ ਦਿੱਤਾ ਤਾਂ ਉਹਨਾਂ ਨੇ 10 ਹਜ਼ਾਰ ਅੱਗਾਂ ਰੋਸ਼ਨ ਕੀਤੀਆਂ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਨੂੰ ਫ਼ੌਜ ਦੀ ਨਿਗਰਾਨੀ ਦੇ ਲਈ ਮੁਕ਼ੱਰਰ ਕੀਤਾ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਅਹਜ਼ਾਬ ਦੀ ਤਾਰੀਖ਼ ਦੇ ਸਿਵਾ ਇੰਨਾ ਵੱਡਾ ਲਸ਼ਕਰ ਅਰਬ ਦੀ ਤਾਰੀਖ਼ ਵਿੱਚ ਤਿਆਰ ਨਹੀਂ ਹੋਇਆ। ਅਹਜ਼ਾਬ ਵਿੱਚ ਦੱਸ ਬਾਰਾਂ ਹਜ਼ਾਰ ਆਦਮੀ ਸਨ। ਗੋਇਆ ਅਰਬ ਦੀ ਤਾਰੀਖ਼ ਵਿੱਚ ਇੰਨੇ ਵੱਡੇ ਲਸ਼ਕਰ ਦੀ ਇਹ ਦੂਸਰੀ ਮਿਸਾਲ ਸੀ। ਪਰ ਮਦੀਨੇ 'ਚੋਂ ਇੰਨਾ ਵੱਡਾ ਲਸ਼ਕਰ ਨਿਕਲ਼ਦਾ ਹੈ ਅਤੇ ਕਿਸੇ ਨੂੰ ਉਸਦੀ ਖ਼ਬਰ ਤੱਕ ਨਹੀਂ ਹੁੰਦੀ ਅਤੇ ਫਿਰ ਅੱਲਾਹ ਤਆਲਾ ਚਮਤਕਾਰੀ ਤੌਰ 'ਤੇ ਦਿਖਾਉਂਦਾ ਹੈ ਕਿ ਮੈਂ ਇਸ ਨੌਬਤਖ਼ਾਨੇ ਨੂੰ ਵਜਾਉਂਦਾ ਹਾਂ ਜਿਹੜਾ ਮੇਰਾ ਹੈ ਅਤੇ ਇਸ ਨੌਬਤਖ਼ਾਨੇ ਨੂੰ ਤੋੜ ਰਿਹਾ ਹਾਂ ਜਿਹੜਾ ਉਹਨਾਂ ਦਾ ਹੈ। ਚੁਨਾਂਚੇ ਜਦ ਰਸੂਲ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨਿਕਲ਼ੇ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਐ ਮੇਰੇ ਖ਼ੁਦਾ! ਮੈਂ ਤੇਰੇ ਤੋਂ ਦੁਆ ਕਰਦਾ ਹਾਂ ਕਿ ਤੂੰ ਮੱਕੇ ਵਾਲ਼ਿਆਂ ਦੇ ਕੰਨਾਂ ਨੂੰ ਬੋਲ਼ਾ ਕਰਦੇ ਅਤੇ ਉਹਨਾਂ ਦੇ ਜਾਸੂਸਾਂ ਨੂੰ ਅੰਨਾ ਕਰਦੇ, ਨਾ ਉਹ ਸਾਨੂੰ ਦੇਖਣ ਅਤੇ ਨਾ ਉਹਨਾਂ ਦੇ ਕੰਨਾਂ ਤੱਕ ਸਾਡੀ ਕੋਈ ਗੱਲ ਪਹੁੰਚੇ।

ਮਦੀਨੇ ਵਿੱਚ ਸੈਂਕੜਾ ਮੁਨਾਫ਼ਿਕ਼ ਮੌਜੂਦ ਸਨ, ਪਰ ਦੱਸ ਹਜ਼ਾਰ ਦਾ ਲਸ਼ਕਰ ਮਦੀਨੇ 'ਚੋਂ ਨਿਕਲ਼ਦਾ ਹੈ ਅਤੇ ਮੱਕੇ ਵਾਲ਼ਿਆਂ ਨੂੰ ਕੋਈ ਖ਼ਬਰ ਨਹੀਂ ਪਹੁੰਚਦੀ। ਮੱਕੇ ਵਾਲ਼ੇ ਫਿਕਰਮੰਦ ਜ਼ਰੂਰ ਸਨ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਉਹਨਾਂ ਤੇ ਹਮਲਾਵਰ ਹੋ ਸਕਦੇ ਹੋ ਪਰ ਉਹਨਾਂ ਨੂੰ ਅੰਦਾਜ਼ਾ ਨਹੀਂ ਸੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਇੰਨੀ ਵੱਡੀ ਫ਼ੌਜ ਲੈ ਕੇ ਉਹਨਾਂ ਦੇ ਕ਼ਰੀਬ ਪਹੁੰਚ ਚੁੱਕੇ ਹੋ। ਮੱਕੇ ਵਾਲ਼ੇ ਖ਼ਤਰੇ ਦੇ ਪੇਸ਼ਿ ਨਜ਼ਰ ਰਾਤਾਂ ਨੂੰ ਆਲ਼ੇ ਦੁਆਲ਼ੇ ਗਸ਼ਤ ਕਰਿਆ ਕਰਦੇ ਸਨ। ਅਜਿਹੀ ਹੀ ਇੱਕ ਰਾਤ ਅਬੂ ਸੁਫ਼ਯਾਨ ਆਪਣੇ ਦੋ ਸਾਥੀਆਂ, ਹਕੀਮ ਬਿਨ ਹਜ਼ਾਮ ਅਤੇ ਇੱਕ ਦੂਸਰੇ ਸਰਦਾਰ ਦੇ ਨਾਲ਼ ਗਸ਼ਤ ਕਰ ਰਹੇ ਸਨ ਕਿ ਉਹਨਾਂ ਨੇ ਇੰਨੀ ਵੱਡੀ ਤਾਅਦਾਦ ਵਿੱਚ ਅੱਗਾਂ ਦੇਖੀਆਂ ਤਾਂ ਅੰਦਾਜ਼ਾ ਲਗਾਉਣ ਲੱਗੇ। ਉਹਨਾਂ ਅੱਗਾਂ ਨੇ ਅਬੂ ਸੁਫ਼ਯਾਨ ਅਤੇ ਉਸਦੇ ਸਾਥੀਆਂ ਨੂੰ ਭੈਭੀਤ ਕਰ ਦਿੱਤਾ। ਅਜੇ ਉਹ ਇਹ ਗੱਲਾਂ ਕਰ ਰਹੇ ਸਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜਾਸੂਸਾਂ ਨੇ ਉਹਨਾਂ ਨੂੰ ਫੜ ਲਿਆ ਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਪੇਸ਼ ਕਰਨ ਦੇ ਲਈ ਲੈ ਗਏ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਦੀ ਕਾਫ਼ੀ ਲੰਬੀ ਤਫ਼ਸੀਲ ਹੈ ਜਿਹੜੀ ਇੰਨਸ਼ਾ ਅੱਲਾਹ ਆਇੰਦਾ ਬਿਆਨ ਹੋਵੇਗੀ।

ਖ਼ੁਤਬੇ ਦੇ ਆਖ਼ਿਰ ਵਿੱਚ ਹਜ਼ੂਰ ਨੇ ਦੁਆਵਾਂ ਵੱਲ ਤਵੱਜੋ ਦਵਾਉਂਦੇ ਹੋਏ ਫ਼ਰਮਾਇਆ: ਜਿਵੇਂ ਕਿ ਮੈਂ ਹਮੇਸ਼ਾ ਕਹਿੰਦਾ ਹਾਂ ਦੁਆਵਾਂ ਵੱਲ ਤਵੱਜੋ ਦਿੰਦੇ ਰਹੋ ਅੱਲਾਹ ਤਆਲਾ ਦੁਨਿਆ ਨੂੰ ਫਸਾਦਾਂ ਤੋਂ ਬਚਾਵੇ। ਉੱਤੇ ਥੱਲੇ ਜਿਹੜੀ ਸੂਰਤਿ ਹਾਲ ਹੋ ਰਹੀ ਹੈ ਅੱਲਾਹ ਤਆਲਾ ਬਿਹਤਰ ਕਰੇ ਕਿ ਇਹ ਬਿਹਤਰੀ ਵੱਲ ਚਲੀ ਜਾਵੇ। ਮਜ਼ੀਦ ਤਬਾਹੀ ਵੱਲ ਨਾ ਜਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞